# ਪੰਜਾਬੀ ਭਾਸ਼ਾ ਦੀ ਗਲੋਬਲੀ ਸਥਿਤੀ

ਸੁਖਵਿੰਦਰ ਸਿੰਘ
ਸਹਾਇਕ ਪ੍ਰੋਫ਼ੈਸਰ(ਪੰਜਾਬੀ)
ਪੋਸਟ ਗਰੈਜੂਏਟ ਵਿਭਾਗ, ਪੰਜਾਬੀ
ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ
ਸ੍ਰੀ ਅਨੰਦਪੁਰ ਸਾਹਿਬ।

ਭਾਸ਼ਾ ਲੋਕ ਜੀਵਨ ਦਾ ਮਾਧਿਅਮ ਹੈ। ਇਹ ਮਨੁੱਖ ਦਾ ਸਮਾਜਿਕ ਵਿਰਸਾ ਹੈ। ਇਸ ਨੂੰ ਉਹ ਆਪਣੇ ਸਮਾਜਿਕ ਵਾਤਾਵਰਣ ਵਿੱਚੋਂ ਸਿੱਖਦਾ ਹੈ। ਭਾਸ਼ਾ ਸਦਕਾ ਹੀ ਅਸੀਂ ਮਨੁੱਖ ਹਾਂ। ਇਕ ਤੋਂ ਦੂਜੇ ਮਨੁੱਖ ਨੂੰ ਸਮਝਣ ਲਈ ਭਾਸ਼ਾ ਦੀ ਜ਼ਰੂਰਤ ਹੈ। ਭਾਸ਼ਾ ਉਹ ਸ਼ਕਤੀਸ਼ਾਲੀ ਮਾਧਿਅਮ ਹੈ ਜੋ ਕਿਸੇ ਕੌਮੀਅਤ ਦੇ ਲੋਕਾਂ ਦੇ ਹਾਵਾਂ-ਭਾਵਾਂ ਤੇ ਵਿਚਾਰਾਂ ਦਾ ਆਪਸੀ ਆਦਾਨ-ਪ੍ਰਦਾਨ ਕਰਦੀ ਹੈ। ਹਰ ਭਾਸ਼ਾ ਦੀ ਧੁਨੀ ਉਸ ਦੀ ਸੰਸਕ੍ਰਿਤੀ, ਸਮਾਜ ਅਤੇ ਇਤਿਹਾਸ ਮੁਤਾਬਕ ਘੜੀ ਜਾਂਦੀ ਹੈ। ਭਾਸ਼ਾ ਹੀ ਅਜਿਹਾ ਸਾਧਨ ਹੈ ਜਿਸ ਰਾਹੀਂ ਮਨੁੱਖ ਆਪਣੇ ਮਨ ਦੀਆਂ ਭਾਵਨਾਵਾਂ ਸਾਹਿਤ ਦੇ ਰੂਪ ਵਿਚ ਪ੍ਰਗਟ ਕਰਦਾ ਹੈ। ਪੰਜਾਬੀ ਭਾਸ਼ਾ ਸਾਡੀ ਪੰਜਾਬੀਆਂ ਦੀ ਪਛਾਣ ਹੈ। ਪੰਜਾਬੀਆਂ ਦੀ ਹੋਂਦ ਪੰਜਾਬੀ ਭਾਸ਼ਾ ਕਰਕੇ ਹੀ ਹੈ। ਸਾਡੀ ਇਕ-ਦੂਜੇ ਤੋਂ ਵੱਖਰੀ ਹੋਂਦ ਭਾਸ਼ਾ ਅਤੇ ਸਭਿਆਚਾਰ ਕਰਕੇ ਹੈ। ਪੰਜਾਬੀ ਭਾਸ਼ਾ ਪੰਜਾਬੀਆਂ ਦੀ ਮਾਂ-ਬੋਲੀ ਹੈ ਜਿਸ ਨੂੰ ਅਸੀਂ ਮਾਂ ਦੀ ਨਿੱਘੀ ਗੋਦ ਵਿਚ ਬਹਿ ਕੇ ਸਿੱਖਦੇ ਹਾਂ, ਜਿਸ ਦਾ ਨਾਤਾ ਜਨਮ ਤੋਂ ਮਰਨ ਤਕ ਹੁੰਦਾ ਹੈ। ਬਾਬਾ ਫ਼ਰੀਦ ਨੇ ਮਿਸਰੀ ਵਰਗੇ ਸਲੋਕ ਲਿੱਖ ਕੇ ਇਸ ਭਾਸ਼ਾ ਵਿਚ ਮਿਠਾਸ ਭਰ ਦਿੱਤੀ। ਗੁਰੂ ਕਾਲ 'ਚ ਇਹ ਭਾਸ਼ਾ ਸੰਵਾਰੀ ਅਤੇ ਸਜਾਈ ਗਈ। ਸੂਫੀਆਂ ਤੇ ਕਿੱਸੇਕਾਰਾਂ ਨੇ ਇਸ ਦੇ ਸਿਰ ਦੀ ਫੁਲਕਾਰੀ ਗੁੰਦੀ ਤੇ ਇਸ ਦੀ ਮਹਿਮਾ ਦੂਰ-ਦੂਰ ਤਕ ਫੈਲ ਗਈ। ਦੇਸ਼ ਦੀ ਆਜ਼ਾਦੀ ਲਈ ਚੱਲਦੀਆਂ ਲਹਿਰਾਂ ਨੇ ਪੰਜਾਬੀ ਦੇ ਹੱਕ ਵਿਚ ਕਾਫੀ ਆਵਾਜ਼ ਉਠਾਈ। 1947 ਨੂੰ ਜਦੋਂ ਸਾਡੇ ਦੇਸ਼ ਨੂੰ ਰਸਮੀ ਆਜ਼ਾਦੀ ਮਿਲੀ, ਸਾਡੀ ਗੁਲਾਮ ਮਾਨਸਿਕਤਾ ਨੇ ਪੰਜਾਬੀ ਭਾਸ਼ਾ ਨੂੰ ਅਣਗੌਲਿਆਂ ਕਰ ਦਿੱਤਾ।

1947 ਤੋਂ ਲੈ ਕੇ ਹੁਣ ਤਕ ਦੀ ਗੱਲ ਕਰੀਏ ਤਾਂ ਪੰਜਾਬੀ ਭਾਸ਼ਾ ਇਕ ਗੰਭੀਰ ਸੰਕਟ ਵਿੱਚੋਂ ਲੰਘ ਰਹੀ ਹੈ। 1990 ਵਿਚ ਯੂਰਪੀਅਨ ਚਾਰਟਰ ਫਾਰ ਰਿਜਨਲ ਔਰ ਮਾਈਨੋਰਟੀ ਲੈਂਗੂਏਜਿਜ਼ ਅਤੇ 1996 ਵਿਚ ਬਾਰਸੀਲੋਨਾ ਡੈਕਲਰੇਸ਼ਨ ਆਫ਼ ਲਿੰਗੁਇਸਟਿਕ ਹਾਈਟਸ ਨੇ ਭਾਸ਼ਾਵਾਂ ਦੀ ਮੌਤ ਗੱਲ ਸ਼ੁਰੂ ਕਰ ਦਿੱਤੀ। ਯੂਨੈਸਕੋ ਨੇ ਵੀ ਆਪਣੀ ਰਿਪੋਰਟ ਜਾਰੀ ਕੀਤੀ ਜਿਸ ਵਿਚ ਪੰਜਾਹ ਵਰ੍ਹਿਆਂ ਵਿਚ ਦੁਨੀਆਂ ਦੀਆਂ ਅੱਧੀਆਂ ਭਾਸ਼ਾਵਾਂ ਮਰ ਜਾਣ ਦੀ ਭਵਿੱਖਬਾਣੀ ਕੀਤੀ ਹੈ। ਇਸ ਕਰਕੇ ਪੰਜਾਬੀ ਵਿਦਵਾਨਾਂ ਵਿਚ ਹਲਚਲ ਪੈਦਾ ਹੋਈ। ਵਿਦਵਾਨ ਇਸ ਗੱਲੋਂ ਚਿੰਤਤ ਹਨ ਕਿ ਅੱਜ ਵਿਸ਼ਵੀਕਰਨ ਦੇ ਦੌਰ ਵਿਚ ਪੰਜਾਬੀ ਭਾਸ਼ਾ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਹੈ। ਵਿਸ਼ਵੀਕਰਨ ਅਤੇ ਮੰਡੀਕਰਨ ਦੇ ਹਮਾਇਤੀਆਂ ਵੱਲੋਂ ਇਕ ਸਭਿਆਚਾਰ ਅਤੇ ਇਕ ਭਾਸ਼ਾ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸਨੇ ਸਾਡੀਆਂ ਖੇਤਰੀ ਭਾਸ਼ਾਵਾਂ ਦੀ ਹੋਂਦ ਲਈ ਖ਼ਤਰਾ ਪੈਦਾ ਕੀਤਾ ਹੈ।

ਅੰਗਰੇਜ਼ੀ ਭਾਸ਼ਾ ਖੇਤਰੀ ਭਾਸ਼ਾਵਾਂ ਨੂੰ ਹਰ ਖੇਤਰ ਵਿਚ ਬਾਹਰ ਕੱਢਦੀ ਜਾ ਰਹੀ ਹੈ।ਭਾਰਤ ਵਿਚ ਇਹ ਰੁਝਾਣ ਹੋਰਨਾਂ ਮੁਲਕਾਂ ਨਾਲੋਂ ਵੀ ਜ਼ਿਆਦਾ ਹੈ। ਕਿਸੇ ਭਾਸ਼ਾ ਦੀ ਹੋਂਦ ਲਈ ਸਭ ਤੋਂ ਖ਼ਤਰਨਾਕ ਗੱਲ ਇਹ ਹੁੰਦੀ ਹੈ ਕਿ ਉਹ ਭਾਸ਼ਾ ਸਿੱਖਿਆ ਦੇ ਮਾਧਿਅਮ ਚੋਂ ਹੀ ਬਾਹਰ ਹੋ ਜਾਣੀ। ਅਜੋਕੇ ਸਮੇਂ ਭਾਰਤ ਵਿਚ ਖੇਤਰੀ ਭਾਸ਼ਾਵਾਂ ਨੂੰ ਸਿੱਖਿਆ ਦੇ ਮਾਧਿਅਮ ਵਜੋਂ ਨਹੀਂ ਅਪਣਾਇਆ ਜਾ ਰਿਹਾ। ਜਦੋਂ ਕੇ ਮਾਤ ਭਾਸ਼ਾ ਅਤੇ ਸਿੱਖਿਆ ਦਾ ਸੰਬੰਧ ਬਹੁਤ ਗੂੜਾ ਹੈ।ਜਦੋਂ ਤੱਕ ਸਾਨੂੰ ਆਪਣੀ ਮਾਤ ਭਾਸ਼ਾ ਚੰਗੀ ਤਰ੍ਹਾਂ ਨਹੀਂ ਆਉਂਦੀ ਓਦੋਂ ਤੱਕ ਅਸੀਂ ਹੋਰਨਾਂ ਭਾਸ਼ਾਵਾਂ ਨੂੰ ਵੀ ਚੰਗੀ ਤਰ੍ਹਾਂ ਨਹੀਂ ਸਿੱਖ ਪਾਉਂਦੇ। ਮਾਤ ਭਾਸ਼ਾ ਦੂਸਰੀ ਭਾਸ਼ਾ ਸਿੱਖਣ ਵਿਚ ਵੀ ਸਹਾਈ ਹੁੰਦੀ ਹੈ। ਮੌਜੂਦਾ ਸਮੇਂ ਪੰਜਾਬ ਵਿੱਚ ਖੁੱਲ੍ਹੇ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਵਿੱਚ ਬੱਚਿਆਂ ਨੂੰ ਨਾ ਅੰਗਰੇਜ਼ੀ ਆ ਰਹੀ ਹੈ ਅਤੇ ਨਾ ਹੀ ਪੰਜਾਬੀ। ਹੋਣਾ ਇਉਂ ਚਾਹੀਦਾ ਹੈ ਕਿ ਸਿੱਖਿਆ ਦਾ ਮਾਧਿਅਮ ਮਾਤ ਭਾਸ਼ਾ ਹੋਵੇ ਅਤੇ ਦੂਸਰੀ ਭਾਸ਼ਾ ਨੂੰ ਇਕ ਵਿਸ਼ੇ ਦੇ ਤੌਰ ਉੱਤੇ ਪੜ੍ਹਾਇਆ ਜਾਵੇ।

ਵਿਸ਼ਵੀਕਰਨ ਇੱਕ ਅਜਿਹੀ ਪ੍ਰਕ੍ਰਿਆ ਹੈ, ਜਿਸਨੇ ਸਮੁੱਚੇ ਵਿਸ਼ਵ ਦੇ ਦੇਸ਼ਾਂ ਦੀ ਆਰਥਿਕ, ਸਮਾਜਿਕ, ਰਾਜਨੀਤਿਕ, ਸੱਭਿਆਚਾਰਕ ਪ੍ਰਕ੍ਰਿਆ ਨੂੰ ਪ੍ਰਭਾਵਿਤ ਕੀਤਾ ਹੈ। ਵਿਸ਼ਵੀਕਰਨ ਦੀ ਪ੍ਰਕ੍ਰਿਆ ਰਾਹੀਂ ਦੁਨੀਆਂ ਦੇ ਅਮੀਰ ਦੇਸ਼ ਜਿਵੇਂ ਅਮਰੀਕਾ, ਜਪਾਨ ਆਦਿ ਵਰਗੇ ਦੇਸ਼ ਵਿਕਾਸਸ਼ੀਲ ਦੇਸ਼ਾਂ ਨੂੰ ਬਸਤੀਆਂ ਦੀ ਤਰ੍ਹਾਂ ਵਰਤਦੇ ਹਨ। ਭਾਰਤ ਵਿੱਚ ਵਿਸ਼ਵੀਕਰਨ ਦੇ ਸੰਕਲਪ ਨੇ 1991 ਵਿੱਚ ਜ਼ੋਰ ਫੜਿਆ ਜਦੋਂ ਭਾਰਤ ਆਰਥਿਕ ਮੰਦਹਾਲੀ ਵਿਚੋਂ ਲੰਘ ਰਿਹਾ ਸੀ। ਵਿਸ਼ਵੀਕਰਨ ਦੀ ਪ੍ਰਕ੍ਰਿਆ ਰਾਹੀਂ ਦੁਨੀਆਂ ਦੇ ਅਮੀਰ ਦੇਸ਼ ਜਿਵੇਂ ਅਮਰੀਕਾ, ਜਪਾਨ ਆਦਿ ਵਰਗੇ ਦੇਸ਼ ਵਿਕਾਸਸ਼ੀਲ ਦੇਸ਼ਾਂ ਨੂੰ ਬਸਤੀਆਂ ਦੀ ਤਰ੍ਹਾਂ ਵਰਤਦੇ ਹਨ।

ਡਾ. ਗੁਰਭਗਤ ਅਨੁਸਾਰ,

"ਵਿਸ਼ਵੀਕਰਨ ਬਿਨਾਂ ਪ੍ਰਭੂਸੱਤਾ ਖੋਹਣ ਦੇ ਦੇਸ਼ਾਂ ਜਾਂ ਰਾਜਾਂ ਨੂੰ ਪੂੰਜੀ ਆਧਾਰਿਤ ਮਹਾਂ ਆਰਥਿਕਤਾ ਵਿੱਚ ਬੰਨ੍ਹਣ ਦਾ ਯਤਨ ਹੈ।"[1]

ਡਾ. ਸੁਰਜੀਤ ਸਿੰਘ ਅਨੁਸਾਰ,

"ਆਦਰਸ਼ਕ ਰੂਪ ਵਿੱਚ ਗਲੋਬਕਾਰੀ ਦਾ ਸੰਬੰਧ ਦੇਸ਼ਾਂ ਵਿੱਚ ਵੱਧਦੇ ਜਾ ਰਹੇ ਵਸਤਾਂ ਅਤੇ ਸੇਵਾਵਾਂ ਦੇ ਵਪਾਰ, ਸਰਮਾਏ, ਤਕਨਾਲੋਜੀ, ਗਿਆਨ, ਸੂਚਨਾ ਅਤੇ ਲੋਕਾਂ ਦੇ ਅੰਤਰਰਾਸ਼ਟਰੀ ਅਦਾਨ-ਪ੍ਰਦਾਨ ਨਾਲ ਹੈ।" [2]

ਅੱਜ ਇਥੇ ਮੰਡੀ ਦੀ ਭਾਸ਼ਾ ਅੰਗਰੇਜ਼ੀ ਹੈ ਤਾਂ ਹੀ ਪੰਜਾਬੀ ਭਾਸ਼ਾ ਨੂੰ ਰੋਮਨ ਲਿੱਪੀ ਵਿਚ ਲਿਖਣ ਦਾ ਢੰਡੋਰਾ ਪਿੱਟਿਆ ਜਾ ਰਿਹਾ ਹੈ ਕਿ ਪੰਜਾਬੀ ਭਾਸ਼ਾ ਦਾ ਵਿਕਾਸ ਇਸ ਤਰ੍ਹਾਂ ਦੁਨੀਆਂ ਭਰ ਵਿਚ ਹੋਵੇਗਾ। ਪਰ ਇਹ ਸਵਾਲ ਅਹਿਮ ਹੈ ਕਿ ਜੇ ਭਾਸ਼ਾ ਦੀ ਆਪਣੀ ਲਿੱਪੀ ਹੀ ਨਾ ਰਹੀ ਤਾਂ ਉਹ ਆਪਣਾ ਵਿਕਾਸ ਕਿਵੇਂ ਕਰ ਪਾਵੇਗੀ। ਜਦੋਂ ਉਹ ਆਪਣਾ ਪਹਿਰਾਵਾ ਛੱਡ ਕੇ ਕਿਸੇ ਹੋਰ ਦਾ ਪਹਿਰਾਵਾ ਪਹਿਨੇਗੀ ਤਾਂ ਭਾਸ਼ਾ ਦੀ ਹੋਂਦ ਕੀ ਰਹਿ ਜਾਵੇਗੀ। ਦੁਨੀਆਂ ਦੀਆਂ 3000 ਤੋਂ ਵੱਧ ਖੇਤਰੀ ਭਾਸ਼ਾਵਾਂ ਇਸੇ ਕਰਕੇ ਖ਼ਤਮ ਹੋ ਗਈਆਂ ਹਨ।ਮੁਕਾਬਲੇ ਦੇ ਯੁੱਗ ਵਿਚ ਲੋਕਾਂ ਨੂੰ ਇਹ ਕਹਿ ਕੇ ਪ੍ਰੇਰਿਆ ਜਾਂਦਾ ਹੈ ਕਿ ਅੰਗਰੇਜ਼ੀ ਮੁਕਾਬਲੇ ਦੀ ਭਾਸ਼ਾ ਹੈ। ਜ਼ਿੰਦਗੀ ਵਿਚ ਜੇਕਰ ਵਿਕਾਸ ਕਰਨਾ ਹੈ ਤਾਂ ਅੰਗਰੇਜ਼ੀ ਭਾਸ਼ਾ ਦੀ ਅਹਿਮੀਅਤ ਨੂੰ ਪਛਾਣੀਏ। ਇਹ ਪ੍ਰਭਾਵ ਪੰਜਾਬੀਆਂ ਉਪਰ ਪੂਰੀ ਤਰ੍ਹਾਂ ਛਾਇਆ ਹੋਇਆ ਹੈ। ਪੰਜਾਬੀ ਮੀਡੀਆ ਦੀ ਚਾਬੀ ਉਨ੍ਹਾਂ ਲੋਕਾਂ ਦੇ ਹੱਥ ਵਿਚ ਹੈ ਜੋ ਖੁਦ ਵਿਸ਼ਵੀਕਰਨ ਦੀ ਅਗਵਾਈ ਕਰ ਰਹੇ ਹਨ। ਵਿਸ਼ਵੀਕਰਨ ਦੇ ਪ੍ਰਭਾਵ ਵਿਚ ਆਇਆ ਮੀਡੀਆ ਜਿੱਥੇ ਸਾਡੀਆਂ ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਖੋਰ ਰਿਹਾ ਹੈ- ਉੱਥੇ ਆਲਸੀ ਮਾਨਸਿਕਤਾ ਪੈਦਾ ਕਰਕੇ ਦੇਸੀ ਸੱਭਿਆਚਾਰਾਂ ਨੂੰ ਖ਼ਤਮ ਕਰ ਰਿਹਾ ਹੈ। ਪੰਜਾਬੀ ਭਾਸ਼ਾ ਨੂੰ ਦੇਸੀ ਭਾਸ਼ਾ ਕਰਾਰ ਦੇ ਕੇ ਅੰਗਰੇਜ਼ੀ ਭਾਸ਼ਾ ਦੇ ਸਾਹਮਣੇ ਹੀਣੀ ਦਰਸਾਇਆ ਜਾ ਰਿਹਾ ਹੈ। ਇਹ ਰੌਲਾ ਪਾਇਆ ਜਾਂਦਾ ਹੈ ਕਿ ਜੇਕਰ ਜੀਵਨ ਵਿਚ ਵਿਕਾਸ ਕਰਨਾ ਹੈ ਤਾਂ ਅੰਗਰੇਜ਼ੀ ਭਾਸ਼ਾ ਸਿੱਖ ਕੇ ਹੋ ਸਕਦਾ ਹੈ ਕਿਉਂਕਿ ਸਾਡੇ ਵਿੱਦਿਅਕ ਢਾਂਚੇ ਅਰਥਾਤ ਗਿਆਨ ਦੀਆਂ ਜੜ੍ਹਾਂ ਸਾਡੀ ਮਾਤ-ਭਾਸ਼ਾ ਅਤੇ ਸੱਭਿਆਚਾਰਕ ਜ਼ਮੀਨ ਵਿਚ ਨਾ ਹੋਣ ਕਰਕੇ ਅਸੀਂ ਆਪਣੀ ਸੋਚ ਅਤੇ ਅਨੁਭਵ ਦੀ ਮੌਲਿਕਤਾ ਅਤੇ ਤਾਜ਼ਗੀ ਗੁਆ ਬੈਠੇ ਹਾਂ।

ਵਿਸ਼ਵੀਕਰਨ ਬੇਰੋਕ-ਟੋਕ ਲੁੱਟ ਦਾ ਦੂਸਰਾ ਨਾਂ ਹੈ। ਇਹ ਲੁੱਟ ਸਿਰਫ਼ ਕੁਦਰਤ ਜਾਂ ਮਨੁੱਖ ਦੀ ਨਹੀਂ ਸਗੋਂ ਸਾਡੀ ਭਾਸ਼ਾ ਅਤੇ ਸਾਡੇ ਸੱਭਿਆਚਾਰ ਦੀ ਵੀ ਲੁੱਟ ਹੈ। ਇਸ ਨੇ ਜਿਥੇ ਸਾਡੇ ਕੋਲੋਂ ਸਾਡੀ ਜ਼ੁਬਾਨ ਖੋਹ ਲਈਹੈ, ਉਥੇ ਇਹ 'ਖਾਓ-ਪੀਓ ਐਸ਼ ਕਰੋ' ਦਾ ਨਾਅਰਾ ਲਾ ਕੇ ਸਾਨੂੰ ਮੂਰਖ ਤੇ ਖਪਤਵਾਦੀ ਬਣਾ ਰਿਹਾ ਹੈ। ਅੰਗਰੇਜ਼ੀ ਨੂੰ ਆਧੁਨਿਕਤਾ, ਵਿਗਿਆਨ ਅਤੇ ਤਕਨੀਕ ਦੀ ਭਾਸ਼ਾ ਮੰਨ ਲਿਆ ਗਿਆ।ਵਿਸ਼ਵੀਕਰਨ ਦੀ ਨਜ਼ਰ ਵਿਚ ਅੰਗਰੇਜ਼ੀ ਉਦਾਰਤਾ ਦੀ ਅਤੇ ਪੰਜਾਬੀ ਸੰਕੀਰਨਤਾ ਦੀ ਚਿਹਨ ਬਣ ਕੇ ਉੱਭਰ ਰਹੀ ਹੈ। ਅੰਗਰੇਜ਼ੀ ਭਾਸ਼ਾ ਨੂੰ ਪੰਜਾਬੀ ਭਾਸ਼ਾ ਤੋਂ ਸ੍ਰੇਸ਼ਠ ਦੱਸਣਾ ਅਤੇ ਸਾਡੀ ਭਾਸ਼ਾ ਉਪਰ ਥੋਪਣਾ ਇਕ ਅਣਮਨੁੱਖੀ ਕਾਰਵਾਈ ਹੈ। ਇਹ ਕਾਰਵਾਈ ਸਾਡੀ ਸੁਤੰਤਰਤਾ, ਬਰਾਬਰੀ ਅਤੇ ਪੰਜਾਬੀ ਭਾਈਚਾਰੇ ਦੇ ਲੋਕਤੰਤਰੀ ਮੁੱਲਾਂ ਦੇ ਵਿਰੁੱਧ ਵੀ ਹੈ।ਜੇਕਰ ਪੰਜਾਬੀ ਭਾਸ਼ਾ ਦੇ ਖ਼ਤਮ ਹੋਣ ਦਾ ਖ਼ਦਸ਼ਾ ਯੂਨੈਸਕੋ ਦੀ ਰਿਪੋਰਟ ਵਿਚ ਦਰਜ ਕੀਤਾ ਗਿਆ ਹੈ ਤਾਂ ਇਸ ਵਿਚ ਬੁਨਿਆਦੀ ਰੋਲ ਵਿਸ਼ਵੀਕਰਨ ਦੀਆਂ ਨੀਤੀਆਂ ਦਾ ਵੀ ਹੈ। ਪੰਜਾਬੀ ਭਾਸ਼ਾ ਦਾ ਖ਼ਤਮ ਹੋਣਾ ਕੇਵਲ ਪੰਜਾਬੀ ਦਾ ਹੀ ਖ਼ਤਮ ਹੋਣਾ ਨਹੀਂ ਹੋਵੇਗਾ ਸਗੋਂ ਇਸ ਨਾਲ ਸਾਡੀ ਸੱਭਿਅਤਾ ਅਤੇ ਸੱਭਿਆਚਾਰ ਵੀ ਖ਼ਤਮ ਹੋ ਜਾਣਗੇ। ਇਸ ਲਈ ਵਿਸ਼ਵੀਕਰਨ ਨਾਲ ਲੜਨ ਲਈ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਚਿੰਤਾ ਕਰਨੀ ਬਣਦੀ ਹੈ। ਇਸ ਕਾਰਜ ਲਈ ਸਾਨੂੰ ਪੰਜਾਬੀ ਨੂੰ ਬਚਾਉਣ ਅਤੇ ਇਸ ਨੂੰ ਹੋਰ ਅਮੀਰ ਬਣਾਉਣ ਬਾਰੇ ਸੋਚਣਾ ਹੋਵੇਗਾ,ਜਿਸ ਦੀਆਂ ਬਹੁਤ ਸੰਭਾਵਨਾਵਾਂ ਹਨ।

ਵਿਸ਼ਵੀਕਰਨ ਦੇ ਪ੍ਰਭਾਵ ਹੇਠ ਆ ਕੇ ਅਸੀਂ ਪੱਛਮ ਦੀ ਨਕਲ ਕਰਨ ਦੀ ਆਦਤ ਅਤੇ ਸਨਕੀਪੁਣੇ ਨੂੰ ਹੀ ਮੌਲਿਕਤਾ ਮੰਨ ਲਿਆ ਹੈ। ਅੰਗਰੇਜ਼ੀ ਪੜ੍ਹ-ਲਿਖ ਅਤੇ ਬੋਲ ਲੈਣ, ਕੰਪਿਊਟਰ ਨੂੰ ਚਲਾ ਲੈਣ ਅਤੇ ਪੱਛਮੀ ਵਿਦਵਤਾ ਦੇ ਆਡੰਬਰੀ ਮੁਜ਼ਾਹਰੇ ਨੂੰ ਹੀ ਭੁਲੇਖੇ ਵਿਚ ਰੱਖ ਬੜੀ ਵੱਡੀ ਪ੍ਰਾਪਤੀ ਦਾ ਸੰਕੇਤ ਮਿੱਥ ਲਿਆ ਹੈ। ਅਸੀਂ ਇਸ ਗੱਲ ਨੂੰ ਭੁੱਲ ਚੁੱਕੇ ਹਾਂ ਕਿ ਜਿਹੜੀਆਂ ਕੌਮਾਂ ਆਪਣੇ ਬੱਚਿਆਂ ਨੂੰ ਮੁੱਢਲੀ ਸਿੱਖਿਆ ਆਪਣੀ ਮਾਤ-ਭਾਸ਼ਾ ਵਿਚ ਨਹੀਂ ਦਿੰਦੀਆਂ, ਉਹ ਰਾਜਸੀ ਤੌਰ 'ਤੇ ਭਾਵੇਂ ਆਜ਼ਾਦ ਹੋਣ ਪਰ ਬੌਧਿਕ ਅਤੇ ਆਤਮਿਕ ਪੱਧਰ 'ਤੇ ਅਸਲੀ ਅਰਥਾਂ ਵਿਚ ਉਹ ਕਦੇ ਵੀ ਸੁਤੰਤਰ ਨਹੀਂ ਹੋ ਸਕਦੀਆਂ। ਸਾਮਰਾਜਵਾਦ ਦੁਆਰਾ ਲੋਕਾਂ ਨੂੰ ਇਹ ਪੜ੍ਹਾਇਆ ਜਾਂਦਾ ਹੈ ਕਿ ਜੇਕਰ ਅੰਗਰੇਜ਼ੀ ਨਾ ਸਿੱਖੀ ਤਾਂ ਅਸੀਂ ਵਿੱਦਿਆ ਦੀ ਖੁੱਲ੍ਹੀ ਵਪਾਰਕ ਮੰਡੀ ਅੰਦਰ ਹੋਰਾਂ ਨਾਲੋਂ ਪਛੜ ਜਾਵਾਂਗੇ, ਜਿਸ ਦਾ ਪ੍ਰਭਾਵ ਪ੍ਰਤੱਖ ਤੌਰ 'ਤੇ ਪੰਜਾਬ ਵਿਚ ਨਜ਼ਰ ਆ ਰਿਹਾ ਹੈ। ਬੱਚਿਆਂ ਨੂੰ ਪੰਜਾਬੀ ਵਿਚ ਚੀਜ਼ ਦਾ ਨਾਂ ਪਤਾ ਨਹੀਂ ਹੁੰਦਾ ਅੰਗਰੇਜ਼ੀ ਵਿੱਚ ਜਾਣਦੇ ਹਨ। ਅੰਗਰੇਜ਼ੀ ਬੋਲਣ ਦਾ ਰਿਵਾਜ ਦਫ਼ਤਰਾਂ, ਕਾਲਜਾਂ, ਯੂਨੀਵਰਸਿਟੀਆਂ ਦੇ ਸੈਮੀਨਾਰਾਂ ਵਿਚ ਵੀ ਵਧ ਗਿਆ ਹੈ। ਇੱਥੋਂ ਸਾਡੀ ਗੁਲਾਮ ਮਾਨਸਿਕਤਾ ਬੋਲਦੀ ਹੈ, ਜਦੋਂ ਅਸੀਂ ਅੰਗਰੇਜ਼ੀ ਬੋਲਣ ਵਾਲੇ ਨੂੰ ਜ਼ਿਆਦਾ

ਬੁੱਧੀਜੀਵੀ ਮੰਨਦੇ ਹਾਂ। ਆਪਣੀ ਮੂਲ ਪਛਾਣਨ ਅਤੇ ਇਸ ਦੇ ਨਾਲ ਜੁੜਨ ਦੀ ਥਾਂ ਬਾਹਰਲੀਆਂ ਪ੍ਰਸਥਿਤੀਆਂ ਦੇ ਦਬਾਓ ਹੇਠ ਆ ਕੇ ਆਪਣੀਆਂ ਜੜ੍ਹਾਂ ਖੋਰ ਰਹੇ ਹਾਂ।

ਅੱਜ ਸੰਸਾਰ ਵਿਸ਼ਵੀਕਰਨ ਦੇ ਵਧਦੇ ਆਰਥਿਕ, ਰਾਜਨੀਤਕ, ਵਪਾਰੀ ਅਤੇ ਭਾਸ਼ਾਈ ਦਬਾਵਾਂ ਦਾ ਨਤੀਜਾ ਬਿਲਕੁਲ ਸਾਹਮਣੇ ਹੈ ਕਿ ਅੱਜ ਸ਼ਹਿਰੀ ਮੱਧਵਰਗੀ ਲੋਕ ਇੱਥੋਂ ਤਕ ਕਿ ਪਿੰਡਾਂ ਵਿਚ ਰਹਿਣ ਵਾਲੇ ਵੀ ਆਪਣੇ ਵਰਗੇ ਹੋਰਨਾਂ ਨਾਲੋਂ ਪਛੜ ਨਾ ਜਾਈਏ-ਪੰਜਾਬੀ ਛੱਡ ਕੇ ਅੰਗਰੇਜ਼ੀ ਭਾਸ਼ਾ ਵੱਲ ਰੁਚਿਤ ਹੋ ਰਹੇ ਹਨ। ਸਾਡੇ ਪੰਜਾਬ ਦੀਆਂ ਯੂਨੀਵਰਸਿਟੀਆਂ ਦੇ ਸਿਲੇਬਸ ਇੱਥੋਂ ਤਕ ਕਿ ਫਾਰਮ ਵੀ ਅੰਗਰੇਜ਼ੀ ਭਾਸ਼ਾ ਵਿਚ ਛਪਦੇ ਹਨ। ਦਫ਼ਤਰਾਂ ਵਿਚ ਨੌਕਰੀ ਦੇ ਜ਼ਰੂਰੀ ਕਾਗਜ਼ਾਤ ਵੀ ਅੰਗਰੇਜ਼ੀ ਭਾਸ਼ਾ ਵਿਚ ਮਿਲਦੇ ਹਨ। ਇੱਥੋਂ ਤਕ ਕਿ ਪੰਜਾਬ ਦੇ ਦਫ਼ਤਰਾਂ ਵਿਚ ਨੌਕਰੀ ਲਈ ਫਾਰਮ ਭਰਨਾ ਹੋਵੇ ਤਾਂ ਦਸਵੀਂ ਤਕ ਪੜ੍ਹਿਆਂ ਨੂੰ ਤਾਂ ਕਈ ਵਾਰੀ ਸਮਝ ਹੀ ਨਹੀਂ ਆਉਂਦਾ। ਇਹ ਵੀ ਗਲਤ ਹੈ ਕਿ ਅਸੀਂ ਅੰਗਰੇਜ਼ੀ ਭਾਸ਼ਾ ਨਾਲ ਨਫ਼ਰਤ ਕਰੀਏ ਕਿਉਂਕਿ ਹਰ ਇਕ ਭਾਸ਼ਾ ਦੀ ਆਪਣੀ-ਆਪਣੀ ਮਹਾਨਤਾ ਹੈ। ਅਸੀਂ ਭੁੱਲ ਗਏ ਹਾਂ ਸੰਸਾਰ ਅੰਦਰ ਉਹ ਵੀ ਵਿਕਸਤ ਦੇਸ਼ ਹਨ ਜਿਵੇਂ ਰੂਸ, ਜਪਾਨ, ਜਰਮਨ, ਫਰਾਂਸ ਅਤੇ ਚੀਨ, ਇਨ੍ਹਾਂ ਮੁਲਕਾਂ ਵਿਚ ਕੇਵਲ ਮੁੱਢਲੀ ਸਿੱਖਿਆ ਹੀ ਨਹੀਂ ਸਗੋਂ ਹਰ ਤਰ੍ਹਾਂ ਦੀ ਉਚੇਰੀ ਸਿੱਖਿਆ ਵੀ ਮਾਤ ਭਾਸ਼ਾ ਵਿਚ ਦਿੱਤੀ ਜਾਂਦੀ ਹੈ।

ਕਿੰਨੀ ਸ਼ਰਮ ਦੀ ਗੱਲ ਹੈ ਕਿ ਆਪਣੇ ਹੀ ਘਰ ਅੰਦਰ ਆਪਣੀ ਹੀ ਬੋਲੀ ਨੂੰ ਮਾਣ ਦਿਵਾਉਣ ਲਈ ਸਰਕਾਰ ਨੂੰ ਕਦਮ ਪੁੱਟਣ ਲਈ ਕਿਹਾ ਜਾ ਰਿਹਾ ਹੈ। ਅਸੀਂ ਇਹ ਗੱਲ ਵੀ ਭਲੀਭਾਂਤ ਜਾਣਦੇ ਹਾਂ ਕਿ ਸਰਕਾਰ ਦੁਆਰਾ ਬਣਾਏ ਗਏ ਪੰਜਾਬੀ ਭਾਸ਼ਾ ਐਕਟ ਕਿੱਥੋਂ ਤਕ ਸਾਰਥਕ ਰੋਲ ਨਿਭਾ ਸਕੇ ਹਨ। ਸਰਕਾਰ ਦੇ ਨੁਮਾਇੰਦੇ ਸਿਆਸੀ ਹਿੱਤਾਂ ਲਈ ਸਿਧਾਂਤਕ ਪੱਧਰ ’ਤੇ ਭਾਵੇਂ ਹੇਜ ਪੰਜਾਬੀ ਭਾਸ਼ਾ ਨਾਲ ਜਤਾਉਂਦੇ ਹਨ, ਪਰ ਵਿਵਹਾਰਿਕ ਤੌਰ ’ਤੇ ਅੰਗਰੇਜ਼ੀ ਮਾਧਿਅਮ ਵਾਲੇ ਨਵੇਂ ਮਾਡਲ ਅਤੇ ਆਦਰਸ਼ ਸਕੂਲ ਖੋਲ੍ਹ ਕੇ ਕਿਸ ਗੱਲ ਦਾ ਪ੍ਰਗਟਾਵਾ ਹੋ ਰਿਹਾ ਹੈ।ਕੀ ਸਰਕਾਰ ਇਸ ਰਵੱਈਏ ਰਾਹੀਂ ਮਾਂ-ਬੋਲੀ ਪ੍ਰਤੀ ਗੈਰ-ਸੁਹਿਰਦ ਅਤੇ ਗੈਰ-ਸੰਜੀਦਾ ਰਵੱਈਆ ਅਖ਼ਤਿਆਰ ਕਰਕੇ ਨਿੱਜੀ ਵਪਾਰਕ ਅਦਾਰਿਆਂ ਤੇ ਅੰਗਰੇਜ਼ੀ ਦਾ ਪੱਖ ਨਹੀਂ ਪੂਰ ਰਹੇ । ਇਹ ਵੀ ਸਭ ਦੇ ਸਾਹਮਣੇ ਹੈ। ਪੰਜਾਬੀ ਭਾਸ਼ਾ ਨੂੰ ਰਾਜ ਭਾਸ਼ਾ ਦਾ ਪੂਰਨ ਰੁਤਬਾ ਦੇਣ ਲਈ ਸਮੇਂ-ਸਮੇਂ ’ਤੇ ਕਈ ਪੰਜਾਬੀ ਭਾਸ਼ਾ ਐਕਟ ਬਣਾਏ ਗਏ ਤੇ ਲਾਗੂ ਵੀ ਕੀਤੇ ਗਏ। ਕੀ ਇਨ੍ਹਾਂ ਦਾ ਪ੍ਰਭਾਵ ਅਸਰਦਾਇਕ ਸਾਬਤ ਹੋਇਆ ਹੈ। ਇਹ ਸਾਡੇ ਲਈ ਵਿਚਾਰਨਯੋਗ ਮਸਲਾ ਹੈ। 1967 ਵਿੱਚ ਪੰਜਾਬ ਰਾਜ ਭਾਸ਼ਾ ਐਕਟ ਹੋਂਦ ਵਿਚ ਆਇਆ। ਇਸ ਐਕਟ ਦੇ ਤਹਿਤ ਗੁਰਮੁਖੀ ਲਿੱਪੀ ਵਿਚ ਪੰਜਾਬੀ ਨੂੰ ਪੰਜਾਬ ਦੀ ਰਾਜ ਭਾਸ਼ਾ ਕਰਾਰ ਦਿੱਤਾ ਗਿਆ। ਪੰਜਾਬ ਸਰਕਾਰ ਵੱਲੋਂ 30 ਦਸੰਬਰ 1967 ਨੂੰ ਨੋਟੀਫਿਕੇਸ਼ਨ ਜਾਰੀ ਕਰਕੇ 1 ਜਨਵਰੀ 1968 ਤੋਂ ਜ਼ਿਲ੍ਹੇ ਤੋਂ ਲੈ ਕੇ ਹੇਠਲੀ ਪੱਧਰ ਤਕ ਰਾਜ ਪ੍ਰਬੰਧ ਵਿਚ ਪੰਜਾਬੀ ਦੀ ਵਰਤੋਂ ਦੀ ਹਦਾਇਤ ਕੀਤੀ ਗਈ। ਇਹ ਸਭ ਨਜ਼ਰਅੰਦਾਜ਼ ਹੋਇਆ। ਸਰਕਾਰ ਨੂੰ ਦੁਬਾਰਾ 2008 ਵਿਚ ਪੰਜਾਬੀ ਭਾਸ਼ਾ ਐਕਟ ਬਣਾਉਣਾ ਪਿਆ ਤੇ ਮੁੜ ਹਦਾਇਤਾਂ ਦਿੱਤੀਆਂ ਗਈਆਂ ਕਿ ਇਸ ਐਕਟ ਦੀ ਪਾਲਣਾ ਕਿਵੇਂ ਕਰਨੀ ਹੈ। ਇਹ ਸਾਰਾ ਕੁਝ ਇਸ ਗੱਲ ਦਾ ਹੀ ਪ੍ਰਗਟਾਵਾ ਕਰਦਾ ਹੈ ਕਿ ਸਾਡੀ ਪੰਜਾਬੀ ਭਾਸ਼ਾ ਖ਼ਤਰੇ ਤੋਂ ਖਾਲੀ ਨਹੀਂ ਹੈ।

ਇਤਿਹਾਸਕਾਰ ਦੱਸਦੇ ਹਨ ਕਿ ਦਸ ਹਜ਼ਾਰ ਸਾਲ ਪਹਿਲਾਂ ਦੁਨੀਆਂ ਦੀ ਆਬਾਦੀ ਸਿਰਫ਼ ਦਸ ਲੱਖ ਸੀ ਤਾਂ ਪੰਦਰਾਂ ਹਜ਼ਾਰ ਦੇ ਕਰੀਬ ਭਾਸ਼ਾਵਾਂ ਦਾ ਚਲਣ ਸੀ, ਅੱਜ ਦੁਨੀਆਂ ਦੀ ਆਬਾਦੀ ਸਾਢੇ ਸੱਤ ਅਰਬ ਤੱਕ ਜਾ ਪੁੱਜੀ ਹੈ, ਪਰ ਭਾਸ਼ਾਵਾਂ ਦੀ ਸੰਖਿਆ ਸਿਰਫ਼ ***7000*** ਰਹਿ ਗਈ ਹੈ । ਉਹ ਵਿਦਵਾਨ ਇਹ ਦੱਸਣ ਵਿੱਚ ਵੀ ਕੋਈ ਝਿਜਕ ਨਹੀਂ ਮਹਿਸੂਸਦੇ ਕਿ ਇਸੇ ਰਫ਼ਤਾਰ ਨਾਲ ਘਟਦੀ ਗਈ ਭਾਸ਼ਾਵਾਂ ਦੀ ਗਿਣਤੀ ਆਉਂਦੇ ਭਵਿੱਖ ਵਿੱਚ ਸਿਰਫ਼ ਛੇ-ਸੱਤ ਸੌ ਹੀ ਰਹਿ ਜਾਵੇਗੀ । ਇਸ ਤੱਥ ਦੀ ਪੁਸ਼ਟੀ ਵਜੋਂ ਉਹ ਆਸਟ੍ਰੇਲੀਆ ਮਹਾਂਦੀਪ ਦਾ ਹਵਾਲਾ ਵੀ ਦਿੰਦੇ ਹਨ, ਜਿੱਥੇ ਬੀਤੀਆਂ ਦੋ ਸਦੀਆਂ ਵਿੱਚ 250 ਭਾਸ਼ਾਵਾਂ ਵਿਚੋਂ 225 ਭਾਸ਼ਾਵਾਂ ਦਾ ਅੰਤ ਹੋ ਚੁੱਕਾ ਹੈ ਅਤੇ ਅਫ਼ਰੀਕਾ ਮਹਾਂਦੀਪ ਜਿੱਥੇ 1000 ਵਿੱਚੋਂ 220 ਦਾ ਅੰਤ ਹੋ ਚੁੱਕਾ ਹੈ ਤੇ ਕਈ ਮਰਨ ਕਿਨਾਰੇ ਪੁੱਜ ਗਈਆਂ ਹਨ ।

ਉਪਰੋਤਕ ਤੱਥਾਂ ਦੇ ਸਨਮੁੱਖ ਯੂਨਿਸਕੋ ਦਾ ਇਹ ਕਥਨ ਵੀ ਗੈਰ-ਵਾਜਿਬ ਨਹੀਂ ਕਿ ਇਵੇਂ ਤੇ ਇਸ ਰਫ਼ਤਾਰ ਨਾਲ ਅਲੋਪ ਹੁੰਦੀਆਂ ਰਹੀਆਂ ਭਾਸ਼ਾਵਾਂ ਵਿੱਚ ਕਿਧਰੇ ਪੰਜਾਬੀ ਭਾਸ਼ਾ ਵੀ ਸ਼ਾਮਿਲ ਨਾ ਹੋ ਗਈ ਹੋਵੇ ।ਭਾਸ਼ਾ ਸੰਬੰਧੀ ਇਵੇਂ ਦਾ ਖ਼ਦਸ਼ਾ ਡਾ: ਡੇਵਿਡ ਹੈਰੀਸਨ ਨੇ ਆਪਣੇ ਲੇਖ ‘ਵੈਨ੍ਹ ਲੈਂਗੁਏਜਿਜ਼ ਡਾਈ’ ( ***When Languages Die )*** ਵਿੱਚ ਪ੍ਰਗਟ ਕਰਦਿਆਂ, ਅੰਕੜਾ ਮੂਲਕ ਤੱਥਾਂ ਨਾਲ ਮਰ ਰਹੀਆਂ ਭਾਸ਼ਾਵਾਂ ਦੇ ਵੇਰਵੇ ਦੱਸੇ । ਉਹਨਾਂ ਅਨੁਸਾਰ : –

1) ਹਰ ਪੰਦਰਾਂ ਦਿਨਾਂ ਬਾਅਦ ਇਕ ਭਾਸ਼ਾ ਮਰ ਰਹੀ ਹੈ ।

2) ਇਹ ਖ਼ਤਰਾ ਦੁਨੀਆਂ ਭਰ ਦੀਆਂ 40% ਭਾਸ਼ਾਵਾਂ ਦੇ ਸਿਰ ਮੰਡਰਾ ਰਿਹਾ ਹੈ ।

3) 21ਵੀਂ ਸਦੀ ਦੇ ਅੰਤ ਤੱਕ ਅੱਜ ਦੀ ਭਾਸ਼ਾਵਾਂ ਦੀ ਗਿਣਤੀ ਨਾਲੋਂ ਅੱਧੀਆਂ ਭਾਸ਼ਾਵਾਂ ਹੀ ਰਹਿ ਜਾਣਗੀਆਂ ।

4) ਇਹਨਾਂ 6800 ਚੋਂ ਅੱਧੀਆਂ ਕਰੀਬ 3500 ਭਾਸ਼ਾਵਾਂ ਦੇ ਬੋਲਣ ਵਾਲੇ ਕੇਵਲ 20 % ਲੋਕ ਹੀ ਹਨ ।

5) ਬਾਕੀ ਦੀ 80% ਦੁਨੀਆਂ ਦੀ ਆਬਾਦੀ 80 ਭਾਸ਼ਾਵਾਂ ਹੀ ਬੋਲਦੀ ਹੈ।

ਅਸੀਂ ਸੱਭਿਐ ਜਾਂ ਉੱਤਰ–ਆਧੁਨਿਕ ਲੱਗਣ ਦਿੱਸਣ ਦੇ ਭੁਲਾਵੇ ਵਿੱਚ ਆਪਣੇ ਬੱਚਿਆਂ ਰਾਂਹੀ ਵੀ ਆਪਣੀਆਂ ਭਾਸ਼ਾਵਾਂ ਨੂੰ ਅੰਤਲੇ ਸਾਹਾਂ ਵੱਲ ਘਸੀਟ ਰਹੇ ਹਾਂ। ਅਸੀਂ ਪੰਜਾਬੀ ਵੀ, ਘਰਾਂ ਵਿੱਚ ਪੰਜਾਬੀ ਦੀ ਥਾਂ ਹਿੰਦੀ ਤੇ ਸਕੂਲਾਂ ਵਿੱਚ ਪੰਜਾਬੀ /ਹਿੰਦੀ ਦੀ ਥਾਂ ਅੰਗਰੇਜ਼ੀ ਭਾਸ਼ਾ ਬੋਲਦੇ,ਸਿੱਖਦੇ ਬੱਚਿਆਂ ਨੂੰ ਦੇਖਦੇ ਪ੍ਰਸੰਨ ਹੁੰਦੇ। ਅਸਲ ਵਿੱਚ ਆਪਣੀ ਹੀ ਮਾਤ-ਭਾਸ਼ਾ ਲਈ ਡੂੰਘੀ ਕਬਰ ਤਿਆਰ ਕਰ ਰਹੇ ਹਾਂ। ਗਲੋਬਲੀਕਰਨ ਦੇ 'ਸੁਧਾਰਾਂ' ਕਾਰਨ ਹੋਂਦ ਵਿੱਚ ਆਇਆ ਇੱਕ ਤ੍ਰਿਸ਼ੰਕੂ ਕਿਸਮ ਦਾ ਮੱਧ ਵਰਗ ਇਹਨਾਂ ਦੇ ਭੁਲਾਵੇ ਦਾ ਪੱਕਾ ਪਿੱਛ-ਲੱਗ ਬਣ ਗਿਆ ਹੈ। ਇਹ ਵਰਗ ਕਾਰਪੋਰੇਟ ਜਗਤ ਦੁਆਰਾ ਪ੍ਰਚਾਰਤ ਪ੍ਰਸਾਰਤ ਸਮੱਗਰੀ ਦੀ ਚਕਾਚੌਂਦ ਅੰਦਰ ਘਿਰਿਆ ਇੱਕ ਤਰ੍ਹਾਂ ਨਾਲ ਬੌਧਿਕ ਕੰਗਾਲੀ ਦੀ ਗ੍ਰਿਫ਼ਤ ਵਿੱਚ ਵੀ ਆ ਗਿਆ ਹੈ। ਉਸ ਨੇ ਬਿਨ੍ਹਾਂ ਸੋਚੇ ਸਮਝੇ ਹਰ ਐਸ਼ੋ-ਆਰਾਮ ਦੀ ਲਾਲਸਾ ਮਗਰ ਭੱਜਦੇ ਨੇ ਅਪਣੇ ਪੈਰ ਆਪਣੀ ਚਾਦਰ ਨਾਲੋਂ ਕਿਧਰੇ ਵੱਧ ਪਸਾਰ ਲਏ ਹਨ, ਜਿਸ ਕਾਰਨ ਉਸਦੀ ਆਰਥਿੱਕਤਾ ਵੀ ਡੱਗਮਗਾ ਗਈ ਤੇ ਆਪਣੇ ਜਾਨਦਾਰ ਸੱਭਿਆਚਾਰਕ ਵਿਰਸੇ ਤੋਂ ਵੀ ਨਿੱਖੜ ਗਿਆ। ਕਾ: ਸੁਰਜੀਤ ਗਿੱਲ ਨੇ ਇਸ ਜਮਾਤ ਪ੍ਰਤੀ ਹਿਰਖ਼ ਪ੍ਰਗਟਾਉਦਿਆਂ ਕਿਹਾ ਸੀ – " ਆਰਥਿਕਤਾ ਦੀ ਕੰਗਾਲੀ ਨਾਲੋਂ ਬੌਧਿਕਤਾ ਦੀ ਕੰਗਾਲੀ ਬਹੁਤ ਭੈੜੀ ਹੈ, ਕਿਉਂਕਿ ਇਹ ਕੰਗਾਲੀ ਅਕਸਰ ਕੌਮਾਂ ਦੀ ਦੁਰਦਸ਼ਾ ਦਾ ਕਾਰਨ ਬਣਦੀ ਹੈ ........... ਮੇਰੀ ਸਮਝ ਅਨੁਸਾਰ ਸਾਡੀ ਪੰਜਾਬੀਆਂ ਦੀ ਅਜੋਕੀ ਸਥਿਤੀ ਇਹੋ ਜਿਹੀ ਹੈ।[3] "

ਅੱਜ ਪੰਜਾਬੀ ਭਾਸ਼ਾ ਡੇਢ ਸੌ ਮੁਲਕਾਂ ਵਿਚ ਵਸਦੇ **15** ਕਰੋੜ ਪੰਜਾਬੀਆਂ ਦੀ ਬੋਲੀ ਹੈ ਅਤੇ ਦੁਨੀਆਂ ਦੀਆਂ ਭਾਸ਼ਾਵਾਂ ਵਿੱਚ ਇਸ ਦਾ ਦਸਵਾਂ ਸਥਾਨ ਮੰਨਿਆ ਜਾ ਰਿਹਾ ਹੈ। ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਅਨੁਸਾਰ ਇਹ ਸੰਸਾਰ ਵਿੱਚ ਬਾਰ੍ਹਵੇਂ ਨੰਬਰ ਉੱਤੇ ਹੈ। ਦਹਾਕਿਆਂ ਤੋਂ ਰੋਜ਼ੀ ਰੋਟੀ ਖ਼ਾਤਰ ਪ੍ਰਵਾਸ ਦੇ ਚੱਲ ਰਹੇ ਰੁੱਖ ਅਮਲ ਕਾਰਨ ਦੁਨੀਆਂ ਦੇ ਬਹੁਤ ਸਾਰੇ ਵਿਕਸਿਤ ਦੇਸ਼ਾਂ ਵਿੱਚ ਪੰਜਾਬੀ ਭਾਈਚਾਰੇ ਦੇ ਲੋਕ ਬਹੁਗਿਣਤੀ ਵਿੱਚ ਜਾ ਵਸੇ ਹਨ। ਕੈਨੇਡਾ, ਅਮਰੀਕਾ ,ਆਸਟਰੇਲੀਆ, ਨਿਊਜ਼ੀਲੈਂਡ ਅਤੇ ਯੂਰਪ ਦੇ ਹੋਰ ਦੇਸ਼ਾਂ ਵਿੱਚ ਪੰਜਾਬੀਆਂ ਦੀ ਆਬਾਦੀ ਉੱਭਰਵੇਂ ਰੂਪ ਵਿੱਚ ਨਜ਼ਰ ਆਈ ਹੈ। ਇਨ੍ਹਾਂ ਵਿਕਸਿਤ ਦੇਸ਼ਾਂ ਵਿੱਚ ਜਾ ਕੇ ਪੰਜਾਬੀਆਂ ਨੇ ਆਪਣੀ ਮਿਹਨਤ ਸਦਕਾ ਸਮਾਜਿਕ ਅਤੇ ਰਾਜਨੀਤਕ ਜੀਵਨ ਵਿੱਚ ਸਨਮਾਨਯੋਗ ਸਥਾਨ ਬਣਾਇਆ ਹੈ। ਇਸ ਦੇ ਨਾਲ ਹੀ ਪੰਜਾਬੀ ਭਾਈਚਾਰੇ ਨੇ ਆਪਣੀ ਅਗਲੀ ਪੀੜ੍ਹੀ ਨੂੰ ਆਪਣੀ ਮਾਂ ਬੋਲੀ ,ਸੱਭਿਆਚਾਰ ਤੇ ਇਤਿਹਾਸਕ ਵਿਰਸੇ ਨਾਲ ਜੋੜਨ ਲਈ ਵਿੱਦਿਅਕ ਅਦਾਰੇ ਕਾਇਮ ਕਰਕੇ ਗਲੋਬਲੀ ਪਰਿਪੇਖ ਵਿੱਚ ਪੰਜਾਬੀ ਭਾਸ਼ਾ ਦੀ ਮਹੱਤਤਾ ਨੂੰ ਉਜਾਗਰ ਕਰਦਿਆਂ ਬਾਬੂ ਫਿਰੋਜ਼ਦੀਨ ਸਰਫ ਦੇ ਇਨ੍ਹਾਂ ਬੋਲਾਂ ਨਾਲ ਸਹਿਮਤੀ ਪ੍ਰਗਟਾਈ ਹੈ :

ਮਿਲੇ ਮਾਣ ਪੰਜਾਬੀ ਨੂੰ ਦੇਸ਼ ਅੰਦਰ
ਆਸ਼ਿਕ ਮੁੱਢੋਂ ਮੈਂ ਏਸ ਉਮੰਗ ਦਾ ਹਾਂ
ਰਾਵਾਂ ਇੱਥੇ ਯੂਪੀ ਵਿੱਚ ਕਰਾਂ ਗੱਲਾਂ
ਐਸੀ ਗੱਲ ਨੂੰ ਛਿੱਕੇ ਉੱਤੇ ਟੰਗ ਦਾ ਹਾਂ
ਮੈਂ ਪੰਜਾਬੀ ਦਾ ਸ਼ਰਫ ਸੇਵਕ
ਸਦਾ ਖ਼ੈਰ ਪੰਜਾਬੀ ਦੀ ਮੰਗਦਾ ਹਾਂ।[4]

ਸਰਕਾਰ ਦੁਆਰਾ ਪੰਜਾਬੀ ਦੇ ਨਾਂ 'ਤੇ ਸਾਲ ਵਿਚ ਇਕ ਵਾਰ ਹਫ਼ਤਾਵਾਰੀ ਪ੍ਰੋਗਰਾਮ ਕਰਵਾ ਲੈਣੇ ਜਾਂ ਪੰਜਾਬੀ ਲੇਖਕਾਂ ਨੂੰ ਇਨਾਮ-ਸਨਮਾਨ ਦੇ ਦੇਣੇ ਹੀ ਕਾਫ਼ੀ ਨਹੀਂ ਹਨ ਬਲਕਿ ਪੰਜਾਬੀ ਦੀ ਤਰੱਕੀ ਲਈ ਯੋਜਨਾਬੱਧ ਵਿਕਾਸ ਅਤੇ ਇਸ ਨੂੰ ਮੁੱਖ ਤੌਰ 'ਤੇ ਰੁਜ਼ਗਾਰ ਦੀ ਭਾਸ਼ਾ ਬਣਾਉਣਾ ਹੋਵੇਗਾ। ਗਿਆਨ, ਵਿਗਿਆਨ ਅਤੇ ਤਕਨੀਕ ਦੀਆਂ ਪੁਸਤਕਾਂ ਦੇ ਪੰਜਾਬੀ ਅਨੁਵਾਦ ਕਰਵਾਉਣੇ ਪੈਣਗੇ ਤਾਂ ਕਿ ਅੱਜ ਦੇ ਤਕਨੀਕੀ ਯੁੱਗ ਵਿਚ ਪੰਜਾਬੀ ਨੂੰ ਇਸ ਦੇ ਹਾਣ ਦੀ ਭਾਸ਼ਾ ਬਣਾਇਆ ਜਾ ਸਕੇ। ਪੰਜਾਬ ਦੇ ਵਿਦਿਅਕ ਅਦਾਰਿਆਂ ਵਿਚ ਮਾਂ ਬੋਲੀ ਦੀ ਇੱਜ਼ਤ ਹੋਣੀ ਲਾਜ਼ਮੀ ਹੈ ਕਿਉਂਕਿ ਮਾਂ-ਬੋਲੀ ਰਾਹੀਂ ਹੀ ਮਨੁੱਖ ਆਪਣੇ ਸਾਹਿਤ ਅਤੇ ਸਮਾਜ ਦਾ ਨਿਰਮਾਣ ਕਰ ਸਕਦਾ ਹੈ। ਮਾਂ-ਬੋਲੀ ਹੀ ਮਨੁੱਖ ਨੂੰ ਸਹਿਜ ਅਤੇ ਚੇਤੰਨ ਬਣਾਉਂਦੀ ਹੈ ਅਤੇ ਮਨੁੱਖ ਕੁਦਰਤ ਨਾਲ ਸੰਬੰਧ ਵੀ ਮਾਂ-ਬੋਲੀ ਰਾਹੀਂ ਹੀ ਸਥਾਪਤ ਕਰਦਾ ਹੈ। ਇਹੋ ਕਾਰਨ ਹੈ ਕਿ ਮਾਂ-ਬੋਲੀ ਤੋਂ ਬਿਨਾਂ ਸੱਭਿਆਚਾਰ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।ਪੰਜਾਬੀ ਭਾਸ਼ਾ ਨੂੰ ਸਿੱਖਿਆ ਦੇ ਮਾਧਿਅਮ ਵਜੋਂ ਤਕਨਾਲੋਜੀ ਨਾਲ ਜੋੜ ਕੇ ਪਾਸਾਰ ਕੀਤਾ ਜਾਵੇ। ਰੇਡੀਓ, ਟੀ.ਵੀ ਉੱਪਰ ਪੰਜਾਬੀ ਭਾਸ਼ਾਈ ਪ੍ਰੋਗਰਾਮਾਂ ਲਈ ਸਮਾਂ ਨਿਸ਼ਚਿਤ ਕੀਤਾ ਜਾਵੇ ਕਿਉਂਕਿ ਮਾਂ ਬੋਲੀ ਪੰਜਾਬੀ ਦੇ ਵਿਕਾਸ ਪਾਸਾਰ ਨਾਲ

ਸਾਡਾ ਸਭ ਦਾ ਵਿਕਾਸ ਹੈ, ਸਾਡੇ ਸਮਾਜ ਅਤੇ ਦੇਸ਼ ਦਾ ਵਿਕਾਸ ਹੈ, ਸਾਡੇ ਭਵਿੱਖ ਦਾ ਵਿਕਾਸ ਹੈ। ਸਾਨੂੰ ਸਭ ਨੂੰ ਅਤੇ ਪੰਜਾਬੀ ਮਾਪਿਆਂ ਨੂੰ ਅਹਿਦ ਕਰਨਾ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਪੰਜਾਬੀ ਸਿਖਾਉਣਗੇ, ਪੰਜਾਬੀ ਬਣਾਉਣਗੇ।

<u>ਹਵਾਲੇ ਤੇ ਟਿੱਪਣੀਆਂ</u>:


1. ਡਾ. ਗੁਰਭਗਤ ਸਿੰਘ, ਵਿਸ਼ਵ ਚਿੰਤਨ ਅਤੇ ਪੰਜਾਬੀ ਸਾਹਿਤ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2003, ਪੰਨਾ 36 .
2. ਡਾ. ਸੁਰਜੀਤ ਸਿੰਘ, ਗਲੋਬਕਾਰੀ ਅਤੇ ਪੰਜਾਬੀ ਚੇਤਨਾ, ਵਿਸ਼ਵੀਕਰਨ ਦਾ ਪ੍ਰਵਚਨ, ਆਰਥਿਕ, ਰਾਜਸੀ ਅਤੇ ਸੱਭਿਆਚਾਰਕ ਪਰਿਪੇਖ (ਅਨੁਵਾਦਨ ਅਤੇ ਸੰਪਾਦਕ-ਗੁਰ ਜਸਵਿੰਦਰ ਸਿੰਘ), ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2006, ਪੰਨਾ 190.
3. ਸੰਪਾਦਕ ਡਾ. ਬਰਿੰਦਰ ਕੌਰ ਅਤੇ ਡਾ.ਜਸਵਿੰਦਰ ਕੌਰ ਸੱਗੂ, ਵਿਸ਼ਵੀਕਰਨ ਦੇ ਪ੍ਰਸੰਗ ਵਿਚ ਪਾਠ-ਸਭਿਆਚਾਰਕ ਦਵੰਦ, ਮਦਾਨ ਪਬਲੀਸ਼ਿੰਗ ਹਾਊਸ,ਪਟਿਆਲਾ,2017, ਪੰਨਾ-165.
4. ਬਾਬੂ ਫਿਰੋਜ਼ਦੀਨ ਸਰਫ, ਪੰਨਾ-16.